# ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16 ਈ-ਮੇਲ: edusat.punjab@punjabeducation.gov.in


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/24/2018/ਪੀ.ਈ.ਐਸ/ਕੰਪਲੇਂਟ/33745
ਮਿਤੀ: ..7.. ਅਗਸਤ, 2018.

ਵਿਸ਼ਾ: ਐਜੂਸੈਟ ਨੈਟਵਰਕ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਜਰੂਰੀ ਹਦਾਇਤਾਂ।
ਹਵਾਲਾ: ਇਸ ਦਫਤਰ ਦੇ ਪੱਤਰ ਨੰ. 24/24/2017/ਪੀ.ਈ.ਐਸ/ਕੰਪਲੇਂਟ/20178630-32 ਮਿਤੀ 10 ਅਗਸਤ 2017 ਦੀ ਲਗਾਤਾਰਤਾ ਵਿੱਚ (ਨਾਲ ਨੱਥੀ)।

ਹਵਾਲਾ ਅਧੀਨ ਪੱਤਰ ਰਾਹੀਂ ਸਮੇਂ-ਸਮੇਂ ਤੇ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਐਜੂਸੈਟ ਨੈਟਵਰਕ ਦੀ ਸਾਂਭ-ਸੰਭਾਲ ਅਤੇ ਇਸ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਐਜੂਸੈਟ ਸੁਵਿਧਾ ਵਾਲੇ ਸਕੂਲ ਮੁੱਖੀਆਂ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਪ੍ਰੰਤੂ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚ ਵਿਜ਼ਿਟ ਦੌਰਾਨ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਹਨਾਂ ਹਦਾਇਤਾਂ ਦੀ ਸਬੰਧਤ ਸਕੂਲਾਂ ਵੱਲੋਂ ਪਾਲਣਾ ਨਹੀਂ ਕੀਤੀ ਜਾ ਰਹੀ ਇਸ ਲਈ ਮੁੜ ਤੋਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਵਿੱਚ ਦਰਜ ਹਦਾਇਤਾਂ ਅਤੇ ਹੇਠ ਲਿਖੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ: -

2.0 ਐਜੂਸੈਟ ਆਰ.ਓ.ਟੀ ਰੂਮ ਅਤੇ ਐਜੂਸੈਟ ਲਾਇਬਰੇਰੀ ਵਿੱਚ ਹਰ ਸਬੰਧਤ ਪੀਰੀਅਡ (ਐਜੂਸੈਟ/ਆਈ.ਸੀ.ਟੀ) ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਇਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਸ਼ਡਿਊਲ ਮੁਤਾਬਿਕ ਨਸ਼ਰ ਕੀਤੇ ਗਏ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ।

3.0 ਸਕੂਲ ਵਿਜ਼ਿਟ ਦੌਰਾਨ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਆਰ.ਓ.ਟੀ ਦੇ ਪ੍ਰਸਾਰਣ ਦੌਰਾਨ ਸਬੰਧਤ ਅਧਿਆਪਕ ਆਰ.ਓ.ਟੀ ਰੂਮ ਵਿੱਚ ਵਿਦਿਆਰਥੀਆਂ ਦੇ ਨਾਲ ਹਾਜ਼ਰ ਨਹੀਂ ਰਹਿੰਦੇ। ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਟਾਈਮ ਸ਼ਡਿਊਲ ਅਨੁਸਾਰ ਪ੍ਰਸਾਰਿਤ ਹੋ ਰਹੇ ਪ੍ਰੋਗਰਾਮ ਦੌਰਾਨ ਸਬੰਧ ਵਿਸ਼ਾ ਅਧਿਆਪਕ ਆਰ.ਓ.ਟੀ ਰੂਮ ਵਿੱਚ ਮੌਜੂਦ ਰਹਿਣ ਅਤੇ ਵਿਦਿਆਰਥੀਆਂ ਨੂੰ ਪੜ੍ਹਾਏ ਜਾ ਰਹੇ ਟਾਪਿਕ ਦੇ ਜਰੂਰੀ ਨੁਕਤੇ ਨੋਟ ਕਰਵਾਉਣ।

4.0 ਇਸ ਦਫਤਰ ਵੱਲੋਂ ਵਾਰ-ਵਾਰ ਲਿਖਣ ਦੇ ਬਾਵਜੂਦ ਵੀ ਐਜੂਸੈਟ ਤੋਂ ਪ੍ਰਸਾਰਿਤ ਕੀਤੇ ਜਾਣ ਵਾਲੇ ਲੈਕਚਰਾਂ ਦਾ ਫਡਿਬੈਕ ਰੈਗੂਲਰ ਤੌਰ ਤੇ ਨਹੀਂ ਭੇਜਿਆ ਜਾ ਰਿਹਾ। ਸਕੂਲ ਮੁੱਖੀ ਸੁਨਿਸ਼ਚਿਤ ਕਰਨਗੇ ਕਿ ਐਜੂਸੈਟ ਤੋਂ ਨਸ਼ਰ ਕੀਤੇ ਹਰ ਪ੍ਰੋਗਰਾਮ ਦਾ ਫੀਡਬੈਕ ਰੈਗੂਲਰ ਤੌਰ ਤੇ http://goo.gl/forms/FTN8oQjnpp ਲਿੰਕ ਤੇ ਰੋਜਾਨਾ ਭੇਜਿਆ ਜਾਵੇ।

5.0 ਸਕੂਲਾਂ ਵਿੱਚ ਆਰ.ਓ.ਟੀ ਤੇ ਪ੍ਰਸਾਰਿਤ ਕੀਤੇ ਜਾਂਦੇ ਲੈਕਚਰਾਂ ਦੀ ਆਡੀਓ ਕੁਆਲਿਟੀ (at classroom end) ਨੂੰ ਹੋਰ ਬਿਹਤਰ ਕਰਨ ਲਈ ਆਡੀਓ ਸੈਟਿੰਗਸ ਦਾ ਮੈਨੂਅਲ ਵੀ ਭੇਜਿਆ ਜਾ ਰਿਹਾ ਹੈ। ਸਕੂਲ ਮੁੱਖੀ ਵੱਲੋਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਐਜੂਸੈਟ ਆਰ.ਓ.ਟੀ ਸੈਟਅੱਪ ਵਿੱਚ ਲਗੇ ਕੇਬਲ

ਕੁਨੈਕਸ਼ਨ (Antenna and Audio Video Cable/Connectors) ਨੂੰ ਮਹੀਨੇ ਵਿੱਚ ਘੱਟੋ ਘੱਟ ਇੱਕ ਵਾਰ ਜਰੂਰ ਸਾਫ ਕਰਵਾਇਆ ਜਾਵੇ ਅਤੇ ਟੀ.ਵੀ ਅਤੇ Set Top Box ਦੇ ਰਿਮੋਟ ਕੰਟਰੋਲ ਨੂੰ ਵਰਕਿੰਗ ਹਾਲਤ ਵਿੱਚ ਰੱਖਿਆ ਜਾਵੇ।

6.0 ਆਰ.ਓ.ਟੀ ਦੀ ਰਿਪੇਅਰ/ਮੇਂਨਟੇਨੈਂਸ ਲਈ ਇਸ ਦਫਤਰ ਵੱਲੋਂ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚ 3000/- ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ। ਇਸ ਸਬੰਧੀ ਜਲਦ ਤੋਂ ਜਲਦ ਯੂਟੀਲਾਈਜੇਸ਼ਨ ਸਰਟੀਫਿਕੇਟ ਇਸ ਦਫਤਰ ਨੂੰ ਭੇਜੇ ਜਾਣ।

7.0 ਐਜੂਸੈਟ ਉਪਕਰਣ ਚੋਰੀ ਹੋਣ ਦੀ ਸੂਰਤ ਵਿੱਚ ਇਸ ਦੀ ਜਿਲ੍ਹਾ ਪੁਲਿਸ ਪ੍ਰਸ਼ਾਸ਼ਨ ਨਾਲ ਤਾਲਮੇਲ ਕਰਕੇ ਤੁਰੰਤ ਇਸ ਦੀ ਐਫ.ਆਈ.ਆਰ ਅਤੇ ਪਹਿਲਾਂ ਤੋਂ ਚੋਰੀ ਦੇ ਕੇਸਾ ਦੀ ਐਨ.ਟੀ.ਆਰ ਉਪਲਬਧ ਕਰਵਾਈ ਜਾਵੇ ਅਤੇ ਇਸ ਦੀ ਸੂਚਨਾ ਮੁੱਖ ਦਫਤਰ ਨੂੰ ਵੀ ਭੇਜੀ ਜਾਵੇ।

8.0 ਐਜੂਸੈਟ ਲਾਇਬਰੇਰੀ ਅਤੇ ਆਰ.ਓ.ਟੀ ਦੇ ਸਟਾਕ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਇਸ ਦਾ ਇੰਦਰਾਜ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ।

ਪਿੱਠਅੰਕਣ ਨੰ.: 24/24/2018/ਪੀ.ਈ.ਐਸ/ਕੰਪਲੇਂਟ/ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਟੂਡਿਓ ਇੰਜੀਨੀਅਰ, ਜੇ.ਈਜ਼ ਅਤੇ ਵਿਸ਼ਾ ਮਾਹਿਰ, ਐਜੂਸੈਟ।
2. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
3. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ।

## ROT Audio Settings at Classroom End

1. **Audio quality of ROT (classroom end) also depends on the room size and number of students. So all user are requested to follow the following steps (Use Remote Control of TV):**

(A) **LCD/LFD/Plasma make-LG**

- Go to Menu
- Select Audio Option
- Select the one of following Sound Mode option as per requirement: **Standard/Music/Cinema/Sport/Game**
- **Treble**: increase/decrease the level as per requirement
- Bass: increase/decrease the level as per requirement

(B) **LCD/LFD/Plasma make-Samsung**

- Go to Menu
- Select Sound Option (3rd Option with the symbol of Speaker)
- Select the one of following Sound Mode option as per requirement: **Standard/Music/Movie/Speech/Custom**
- Select the Custom Option:
  increase/decrease the level of **Bass/Treble/Balance** as per reqirement.

(C) **Basic Trouble shooting Manual for 2nd Phase ROTs (with Samsung LFD/LCD) is enclosed.**

## ਆਰ.ਓ.ਟੀ ਦੇ ਤਕਨੀਕੀ ਨੁਕਸ ਨੂੰ ਠੀਕ ਕਰਨ ਸਬੰਧੀ ਮੈਨੂਅਲ

(ਸਾਡਾ ਟੀਚਾ 100 % ਆਰ.ਓ.ਟੀ ਫੰਕਸ਼ਨਲ-ਹਰ ਇਕ ਜ਼ਿਲ੍ਹੇ ਲਈ)

| ਲੜੀ ਨੰ. | ਨੁਕਸ ਦੀ ਇਲਾਮਤ | ਸੰਭਵ ਕਾਰਣ | ਠੀਕ ਕਰਨ ਲਈ ਕੀ ਕੀਤਾ ਜਾਵੇ |
|---|---|---|---|
| 1. | ਨੋ-ਸਿਗਨਲ | ਗਲਤ ਇਨਪੁੱਟ ਦੀ ਚੋਣ ਕਾਰਣ। | 1.1 ਐਲ.ਐਫ.ਡੀ/ਪਲਾਜ਼ਮਾ ਨੂੰ ਚਾਲੂ ਕਰੋ, ਸੱਜੇ ਪਾਸੇ ਹੇਠਾਂ ਵੱਲ ਪੀ.ਈ.ਐਸ ਦਾ ਲੋਗੋ ਟੀ.ਵੀ ਤੇ ਆ ਗਿਆ ਹੈ ਤਾ ਸਿਸਟਮ ਠੀਕ ਹੈ। |
| | | | 1.2 ਐਸ.ਟੀ.ਬੀ ਰਿਮੋਟ ਦਾ HDMI ਬਟਨ ਦਬਾਓ ਅਤੇ ਫਿਰ HDMI 1 ਚੁਣੋ। (ਪ੍ਰੋਗ੍ਰਾਮ ਚਾਲੂ ਹੋ ਜਾਵੇਗਾ।) |
| | | ਸੈਟ-ਟੱਪ ਬਾਕਸ ਨੂੰ ਰੀਸਟਾਰਟ ਕਰਨ ਦੀ ਲੋੜ ਹੈ। | 1.3 ਐਸ.ਟੀ.ਬੀ ਰਿਮੋਟ ਦਾ ਪਾਵਰ ਬਟਨ ਦੋ ਵਾਰ ਦਬਾਓ, ਜੇਕਰ Boot ਲਿਖਿਆ ਨਜ਼ਰ ਆ ਰਿਹਾ ਹੈ ਤਾਂ ਸਿਸਟਮ ਚਾਲੂ ਹੋ ਗਿਆ ਹੈ। |
| | | ਐਨਟੀਨਾਂ ਦੀ ਦਿਸ਼ਾ ਹਿਲ ਗਈ ਹੋ ਸਕਦੀ ਹੈ | 1.4 ਸੈਟ-ਟੱਪ ਬਾਕਸ ਦੇ ਰਿਮੋਟ ਦਾ Menu button ਦਬਾਓ ਫਿਰ ਉਸ ਵਿੱਚੋ TP ਦਾ ਆਪਸ਼ਨ ਚੁਣੋ ਇਸ ਨੂੰ OK ਕਰੋ ਫਿਰ Edit TP option ਦੀ ਚੋਣ ਕਰੋ ਇਸ ਨਾਲ ਸਿਗਨਲ ਲੈਵਲ ਅਤੇ ਕੁਆਲਟੀ ਦੀ ਰੀਡਿੰਗ ਨੋਟ ਕਰੋ ਸਿਗਨਲ 70 ਤੋਂ ਵੱਧ ਅਤੇ ਕੁਆਲਟੀ 65 ਤੋਂ ਵੱਧ ਹੈ ਤਾਂ ਤੁਹਾਡਾ ਸਿਸਟਮ ਠੀਕ ਹੈ।<br><br>ਨੋਟ: ਡਿਸ਼ ਦੀ ਦਿਸ਼ਾ Azimuth-184°, Direction: South, Elevation-54° ਹੋਣੀ ਜਰੂਰੀ ਹੈ। |
| 2. | ਸੈਟ-ਟੱਪ ਬੋਕਸ ਚਾਲੂ ਨਹੀਂ ਹੋ ਰਿਹਾ | ਸੈਟ-ਟੱਪ ਬੋਕਸ ਦਾ ਅਡੈਪਟਰ ਖਰਾਬ ਹੋ ਗਿਆ ਹੋਵੇਗਾ। | 2.1 ਚੈਕ ਕਰੋ ਕਿ ਸੈਟ-ਟੱਪ ਬੋਕਸ ਵਿੱਚ ਐਲ.ਈ.ਡੀ ਦੀ ਹਰੀ ਬੱਤੀ ਜਗ ਰਹੀ ਹੈ।ਜੇਕਰ ਨਹੀਂ ਤਾਂ ਡੀ.ਸੀ ਇੰਨ ਪੋਰਟ ਨਾਲ ਜੁੜੇ ਅਡੈਪਟਰ ਨੂੰ ਚੈਕ ਕਰੋ। ਜੇਕਰ ਢਿੱਲਾ ਹੈ ਤਾਂ ਕੱਢ ਕੇ ਦੁਬਾਰਾ ਕਸ ਦਿਓ। |
| 3. | ਐਲ.ਐਫ.ਡੀ/ਪਲਾਜ਼ਮਾ ਤੇ ਕੋਈ ਡਿਸਪਲੇ ਨਹੀਂ ਆ ਰਿਹਾ। | ਕਨੈਕਸ਼ਨ ਢਿੱਲਾ ਹੋ ਜਾਣ ਕਰਕੇ। | 3.1 ਚੈਕ ਕਰੋ ਜੇਕਰ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਨਹੀਂ ਜਗ ਰਹੀ ਤਾਂ ਬਿਜਲੀ ਦੀ ਤਾਰ ਨੂੰ ਚੈਕ ਕਰੋ ਜੋ ਬਿਜਲੀ ਦੇ ਬੋਰਡ ਵਿੱਚ ਲੱਗੀ ਹੈ। ਉਸ ਨੂੰ ਟਾਈਟ ਕਰੋ ਸਿਸਟਮ ਚਾਲੂ ਹੋ ਜਾਵੇਗਾ। |
| | | | 3.2 ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਬਿਜਲੀ ਦੀ ਤਾਰ ਨੂੰ ਹੋਰ ਪਲੱਗ ਵਿੱਚ ਲਗਾ ਕੇ ਦੇਖੋ।ਜੇਕਰ ਫਿਰ ਵੀ ਚਾਲੂ ਨਹੀਂ ਹੋਇਆ ਤਾਂ ਹੋ ਸਕਦਾ ਹੈ ਕਿ ਤਾਰ ਖਰਾਬ ਹੋਵੇ। |
| | | ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਗਲਤ ਇਨਪੁੱਟ ਦੀ ਚੋਣ ਕੀਤੀ ਹੋਵੇ | 3.3 ਚੈਕ ਕਰੋ ਕਿ ਐਲ.ਸੀ.ਡੀ ਪਲਾਜ਼ਮਾ ਦੀ ਹਰੀ ਬੱਤੀ ਜਗ ਰਹੀ ਹੈ ਪ੍ਰੰਤੂ ਟੀ.ਵੀ ਤੇ ਸਿਗਨਲ ਨਹੀਂ ਆ ਰਹੀ ਹੈ, HDM1 ਕੇਬਲ ਨੂੰ ਚੈਕ ਕਰੋ ਕਿ ਇਹ ਸੈਟ-ਟੱਪ ਬੋਕਸ ਵਿੱਚੋ ਚੰਗੀ ਤਰ੍ਹਾ ਟਾਈਟ ਫਿੱਟ ਹੈ ਨਹੀਂ ਤਾਂ ਦੁਬਾਰਾ ਕਰ ਦਿਓ ਪ੍ਰੋਗਰਾਮ ਚਾਲੂ ਹੋ ਜਾਵੇਗਾ।<br>3.4 ਜੇਕਰ ਹਾਲੇ ਵੀ ਚਾਲੂ ਨਹੀਂ ਹੋਇਆ ਤਾਂ ਐ.ਐਫ.ਡੀ/ਪਲਾਜ਼ਮਾ ਦਾ ਇਨਪੁੱਟ ਚੈਕ ਕਰੋ। ਐਲ.ਐਫ.ਡੀ ਰਿਮੋਟ ਚੁੱਕੋ ਅਤੇ ਪੀਲਾ HDM1 ਬਟਨ ਦਬਾਓ ਅਤੇ HDM1 ਦੀ ਚੋਣ ਕਰੋ ( ਜੇਕਰ ਐਲ.ਐਫ.ਡੀ ਸੈਮਸੰਗ ਦਾ ਹੈ) ਅਤੇ ਜੇਕਰ ਐਲ.ਜੀ. ਦਾ ਹੈ ਤਾ AV1/AV2 ਇਨਪੁੱਟ ਦੀ ਚੋਣ ਕਰੋ। |

**ਨੋਟ:**

1. ਉਪਰੋਕਤ ਦਰਸਾਈਆਂ ਗਈਆਂ ਸੈਟਿੰਗਸ ਤੋਂ ਬਾਅਦ ਵੀ ਜੇਕਰ ਆਰ.ਓ.ਟੀ ਚਾਲੂ ਨਹੀਂ ਹੁੰਦਾ ਤਾਂ ਲੋਕਲ ਮਾਰਕਿਟ ਵਿੱਚੋਂ ਕਿਸੇ ਵੀ DTH Engineer ਨੂੰ ਬੁੱਲਾ ਕੇ ਸਹਾਇਤਾ ਲਈ ਜਾ ਸਕਦੀ ਹੈ।
2. ਖਰਾਬ ਆਰ.ਓ.ਟੀ ਦੇ ਠੀਕ ਹੋਣ ਉਪਰੰਤ ਇਸ ਦੀ ਅੱਪਡੇਟ ਤੁਰੰਤ ਆਪਣੇ ਜਿਲ੍ਹੇ ਦੇ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਨੂੰ ਭੇਜੀ ਜਾਵੇ।

# ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16 ਈ-ਮੇਲ: edusat.punjab@gmail.com


ਵੱਲ,

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
3. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/24/2017/ਪੀ.ਈ.ਐਸ/ਕੰਪਲੇਂਟ/20178630-32
ਮਿਤੀ: ..10.. ਅਗਸਤ, 2017.

ਵਿਸ਼ਾ: ਐਜੂਸੈਟ ਨੈਟਵਰਕ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਜਰੂਰੀ ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਸਮੇਂ-ਸਮੇਂ ਤੇ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਐਜੂਸੈਟ ਨੈਟਵਰਕ ਦੀ ਸਾਂਭ-ਸੰਭਾਲ ਅਤੇ ਇਸ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਐਜੂਸੈਟ ਸੁਵਿਧਾ ਵਾਲੇ ਸਕੂਲ ਮੁੱਖੀਆਂ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਪ੍ਰੰਤੂ ਇਹ ਧਿਆਨ ਵਿੱਚ ਆਇਆ ਹੈ ਕਿ ਸਬੰਧਤ ਸਕੂਲਾਂ ਵੱਲੋਂ ਇਹਨਾਂ ਹਦਾਇਤਾਂ ਨੂੰ ਸੁਚਾਰੂ ਰੂਪ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ। ਉਕਤ ਦੇ ਸਨਮੁੱਖ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

2.0 ਐਜੂਸੈਟ ਆਰ.ਓ.ਟੀ ਰੂਮ ਵਿੱਚ ਸ਼ਡਿਊਲ ਅਨੁਸਾਰ, ਸਬੰਧਤ ਪੀਰੀਅਡ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ, ਜਿਸ ਵਿੱਚ ਪ੍ਰੋਗਰਾਮ ਅਟੈਂਡ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ। ਸਕੂਲ ਮੁੱਖੀ ਰੋਜ਼ਾਨਾ ਐਜੂਸੈਟ ਰਜਿਸਟਰ ਵਿੱਚ ਸ਼ਡਿਊਲ ਮੁਤਾਬਿਕ ਦਰਜ ਕੀਤੇ ਗਏ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ।

3.0 ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲੱਬਧ ਕਰਵਾਈ ਜਾਵੇ ਅਤੇ ਸ਼ਡਿਊਲ ਹਰ ਰੋਜ਼ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਜਾਵੇ।

4.0 ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਜਿਲ੍ਹਿਆਂ ਦੇ ਐਜੂਸੈਟ ਪ੍ਰੋਗਰਾਮਾਂ ਦਾ ਫੀਡਬੈਕ ਰੈਗੂਲਰ ਤੌਰ ਤੇ ਨਹੀਂ ਭੇਜੀ ਜਾ ਰਹੀ ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਪ੍ਰੋਗਰਾਮਾਂ ਦੀ ਫੀਡਬੈਕ ਲਿੰਕ http://goo.gl/forms/FTN8oCjnpp ਤੇ ਰੋਜ਼ਾਨਾ ਭੇਜੀ ਜਾਵੇ।

5.0 ਇਸ ਦਫਤਰ ਦੇ ਪੱਤਰ ਨੰ. 24/24/2008/ਪੀ.ਈ.ਐਸ/ਆਰ.ਓ.ਟੀ/ਕੰਪਲੇਂਟਸ/20178122, ਮਿਤੀ 28.07.2017 ਰਾਹੀਂ ਈ-ਲਾਇਬਰੇਰੀ ਅਤੇ ਆਰ.ਓ.ਟੀ ਦੀ ਰਿਪੇਅਰ/ਮੇਨਟੇਨੈਂਸ ਅਮਲਗਾਮੇਟਿਡ ਫੰਡਜ਼ ਵਿੱਚੋਂ ਕਰਵਾਉਣ ਲਈ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਐਜੂਸੈਟ ਸੁਵਿਧਾ ਵਾਲੇ ਸਕੂਲ ਮੁੱਖੀ ਐਜੂਸੈਟ ਨਾਲ ਸਬੰਧਤ ਖਰਾਬ ਉਪਕਰਣ ਦੀ ਰਿਪੋਰਟ ਲਿੰਕ https://goo.gl/forms/51SWnPYLE8 ਅਤੇ ਉਪਕਰਣ ਆਪਣੇ ਪੱਧਰ ਤੇ ਠੀਕ ਕਰਵਾਉਣ ਉਪਰੰਤ ਇਸ ਦੀ ਰਿਪੋਰਟ ਲਿੰਕ https://goo.gl/forms/hl7u8CMMgf ਤੇ ਅਪਡੇਟ ਕਰਨਗੇ। ਸਮੂਹ ਜਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਆਪਣੇ ਜਿਲ੍ਹੇ ਨਾਲ ਸਬੰਧਤ ਕੁੱਲ ਐਜੂਸੈਟ ਆਰ.ਓ.ਟੀ/ਈ-ਲਾਇਬਰੇਰੀਆਂ, ਖਰਾਬ ਆਰ.ਓ.ਟੀ/ਈ-ਲਾਇਬਰੇਰੀਆਂ ਅਤੇ ਠੀਕ ਕਰਵਾਈਆਂ ਆਰ.ਓ.ਟੀ/ਈ-ਲਾਇਬਰੇਰੀਆਂ ਦੀ ਮਹੀਨਾਵਾਰ ਰਿਪੋਰਟ ਇਸ ਦਫਤਰ ਨੂੰ ਭੇਜਣਗੇ।

6.0 ਐਜੂਸੈਟ ਉਪਕਰਣ ਚੋਰੀ ਹੋਣ ਦੀ ਸੂਰਤ ਵਿੱਚ ਇਸ ਦੀ ਐਫ.ਆਈ.ਆਰ ਜਿਲ੍ਹਾ ਪੁਲਿਸ ਪ੍ਰਸ਼ਾਸ਼ਨ ਨਾਲ ਤਾਲਮੇਲ ਕਰਕੇ ਤੁਰੰਤ ਦਰਜ ਕਰਵਾਈ ਜਾਵੇ, ਪਹਿਲਾਂ ਤੋਂ ਚੋਰੀ ਦੇ ਕੇਸਾਂ ਦੀ ਐਨ.ਟੀ.ਆਰ ਵੀ ਉਪਲਬਧ ਕਰਵਾਈ ਜਾਵੇ ਅਤੇ ਇਸ ਦੀ ਸੂਚਨਾ ਮੁੱਖ ਦਫਤਰ ਨੂੰ ਵੀ ਭੇਜੀ ਜਾਵੇ।

7.0 ਐਜੂਸੈਟ ਲਾਇਬਰੇਰੀ ਅਤੇ ਆਰ.ਓ.ਟੀ ਦੇ ਸਟਾਕ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਇਸ ਦਾ ਇੰਦਰਾਜ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ।

8.0 ਇਹ ਯਕੀਨੀ ਬਣਾਇਆ ਜਾਵੇ ਕਿ ਐਜੂਸੈਟ ਅਧੀਨ ਮੁਹੱਈਆ ਕਰਵਾਏ ਗਏ ਉਪਕਰਣ ਜਿਸ ਮਕਸਦ ਲਈ ਉਪਲੱਬਧ ਕਰਾਏ ਗਏ ਹਨ, ਨਿਰੋਲ ਉਸੇ ਕੰਮ ਲਈ ਵਰਤੇ ਜਾਣ। ਵਿਦਿਆਰਥੀਆਂ ਦੀ ਪੜ੍ਹਾਈ ਤੋਂ ਇਲਾਵਾ ਕਿਸੇ ਵੀ ਹੋਰ ਕੰਮ ਲਈ ਨਾ ਵਰਤੇ ਜਾਣ।

9.0 ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਵਿਚ ਐਜੂਸੈਟ ਉਪਕਰਣ (ਆਰ.ਓ.ਟੀ/ਈ-ਲਾਇਬਰੇਰੀ) ਅਣਇਸਤੇਮਾਲ ਪਏ ਹੋਏ ਹਨ, ਜਿਸ ਬਾਰੇ ਸਕੂਲ ਮੁੱਖੀਆਂ ਵੱਲੋਂ ਇਸ ਦਫਤਰ ਨੂੰ ਸੂਚਿਤ ਨਹੀਂ ਕੀਤਾ ਜਾਂਦਾ। ਇਸ ਸਬੰਧੀ ਅਜਿਹਾ ਕੋਈ ਕੇਸ ਹੈ ਤਾਂ ਇਸ ਦਫਤਰ ਨੂੰ ਤਰੁੰਤ ਸੂਚਿਤ ਕੀਤਾ ਜਾਵੇ।

10.0 ਐਜੂਸੈਟ ਸੁਸਾਇਟੀ ਵੱਲੋਂ ਸਮੇਂ ਸਮੇਂ ਤੇ ਵੱਖ-ਵੱਖ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚੋਂ 1003 ਜਨਰੇਟਰ ਸੈਟ ਮੁਹੱਈਆ ਕਰਵਾਏ ਗਏ ਸਨ ਅਤੇ ਸਮੇਂ-ਸਮੇਂ ਤੇ POL Cost ਵੱਜੋਂ 5000/- ਰੁਪਏ ਦੀ ਰਾਸ਼ੀ ਪ੍ਰਤੀ ਸਕੂਲ ਜਾਰੀ ਕੀਤੀ ਗਈ ਸੀ, ਜਿਸ ਦੇ ਵਰਤੋਂ ਸਰਟੀਫਿਕੇਟ ਹਾਲੇ ਤੱਕ ਇਸ ਦਫਤਰ ਨੂੰ ਭੇਜੇ ਨਹੀਂ ਗਏ। ਇਸ ਦੇ ਵਰਤੋਂ ਸਰਟੀਫਿਕੇਟ ਤੁਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਏ ਜਾਣ। ਇਸ ਤੋਂ ਇਲਾਵਾ ਜਿਲ੍ਹਾ ਸਿੱਖਿਆ ਅਫਸਰ ਲੋੜ ਅਨੁਸਾਰ ਇਹ ਜੈਨਸੈਟ ਆਪਣੇ ਜਿਲ੍ਹੇ ਨਾਲ ਸਬੰਧਤ ਲੋੜੀਂਦੇ ਸਕੂਲ ਵਿੱਚ ਸ਼ਿਫਟ ਕਰ ਸਕਦੇ ਹਨ, ਪ੍ਰੰਤੂ ਇਸ ਦਾ ਰਿਕਾਰਡ ਰੱਖਿਆ ਜਾਵੇ ਅਤੇ ਇਸ ਦੀ ਕਾਪੀ ਮੁੱਖ ਦਫਤਰ ਨੂੰ ਭੇਜੀ ਜਾਵੇ।

11.0 ਐਜੂਸੈਟ ਪ੍ਰੋਗਰਾਮ ਨੂੰ ਦੇਖਣ ਲਈ, ਜਿਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ, ਸਕੂਲ ਮੁੱਖੀ ਆਪਣੇ ਪੱਧਰ ਤੇ ਆਪਣੀ ਨਿਗਰਾਨੀ ਹੇਠ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਆਰ.ਓ.ਟੀ ਨੂੰ ਵੱਡੇ ਕਮਰੇ ਵਿੱਚ ਸ਼ਿਫਟ ਕਰ ਸਕਦਾ ਹੈ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਉਣਗੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/24/2017/ਪੀ.ਈ.ਐਸ/ਕੰਪਲੇਂਟ/੨੦੧੭8633 ਮਿਤੀ: ੧੦|੦੮|੨੦੧੭.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਸਮੂਹ ਜਿਲ੍ਹਿਆਂ ਨਾਲ ਸਬੰਧਤ ਇੰਸਪੈਕਸ਼ਨ ਟੀਮ (ਜਿਲ੍ਹਾ ਸਾਇੰਸ ਸੁਪਰਵਾਈਜਰਸ) ਨੂੰ ਇਸ ਦਾ ਉਤਾਰਾ ਭੇਜ ਕੇ ਲਿਖਿਆ ਜਾਂਦਾ ਹੈ ਕਿ ਨਿਰੀਖਣ ਕੀਤੇ ਗਏ ਸਕੂਲਾਂ ਵਿੱਚ ਉਕਤ ਹਦਾਇਤਾਂ ਦੇ ਸਨਮੁੱਖ ਐਜੂਸੈਟ ਨਾਲ ਸਬੰਧਤ ਰਿਪੋਰਟ ਦੀ ਇੱਕ ਕਾਪੀ ਇਸ ਦਫਤਰ ਨੂੰ ਵੀ ਭੇਜੀ ਜਾਵੇ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

10/8/17

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ